(i) Printed Pages : 3 Roll No. ................................

(ii) Questions : 5

**Sub. Code : | 0 | 2 | 0 | 3 |**

**Exam. Code : | 0 | 0 | 0 | 3 |**

**B.A./B.Sc. (General) 3rd Semester**

**1128**

**PUNJABI (Compulsory) (For B.A. only & Shastri 3rd Semester**

**Time Allowed : Three Hours] [Maximum Marks : 45**

**ਨੋਟ :-** ਲਿਖਾਈ ਸੁੰਦਰ ਤੇ ਸਪੱਸ਼ਟ ਹੋਵੇ। ਭਾਗਾਂ ਵਾਲੇ ਪ੍ਰਸ਼ਨ ਇੱਕ ਥਾਂ ਤੇ ਹੱਲ ਕੀਤੇ ਜਾਣ।

1. (ੳ) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਨਿਬੰਧ ਦਾ ਵਿਸ਼ਾ ਦੱਸਕੇ ਸਾਰ ਲਿਖੋ :

   (i) ਲੋਕ-ਗੀਤਾਂ ਵਿੱਚ ਇਤਿਹਾਸ

   (ii) ਲੋਕ-ਵਿਸ਼ਵਾਸ : ਵਹਿਮ ਭਰਮ

   (iii) ਗਿੱਧਾ : ਧਰਤੀ ਮਾਤਾ ਦੀ ਪੂਜਾ ਦਾ ਨਾਚ। 4+6=10

   (ਅ) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਸਭਿਆਚਾਰਕ ਸੰਕਲਪ ਬਾਰੇ ਲਿਖੋ :

   (i) ਅਖਾਣ

   (ii) ਵਿਰਾਸਤੀ ਖੇਡਾਂ

   (iii) ਇਸ਼ਟ। 5

2. 'ਪੰਜ-ਆਬ' ਪੁਸਤਕ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ (ਉੱਤਰ **ਤਿੰਨ** ਸਤਰਾਂ ਤੋਂ ਵੱਧ ਨਾ ਹੋਵੇ) :

   (i) ਲੋਕ ਵੱਡੇ-ਵੱਡੇਰਿਆਂ ਨੂੰ ਖੁਸ਼ ਰੱਖਣ ਲਈ ਕੀ ਕਰਦੇ ਹਨ ?

(ii) ਜੰਗ ਵਿੱਚ ਗਏ ਆਪਣੇ ਪਤੀ ਨੂੰ ਘਰ ਬੁਲਾਉਣ ਲਈ ਪਤਨੀ ਕਿਹੜੇ-ਕਿਹੜੇ ਚਲਿੱਤਰ ਖੇਡਦੀ ਹੈ ?

(iii) ਗੁੱਗੇ ਪੀਰ ਦੀ ਪੂਜਾ ਕਦੋਂ ਤੇ ਕਿਵੇਂ ਕੀਤੀ ਜਾਂਦੀ ਹੈ ?

(iv) ਪੰਜਾਬੀ ਅਖਾਣ ਅਤੇ ਲੋਕ ਗੀਤ ਵਿੱਚ ਕੀ ਅੰਤਰ ਹੈ ?

(v) ਲੋਕਧਾਰਾ ਦੀ ਸਿਰਜਣਾ ਕਿਵੇਂ ਹੁੰਦੀ ਹੈ ?

(vi) ਖੇਡਾਂ ਤੋਂ ਬਿਨਾਂ ਮਨੋਰੰਜਨ ਦੇ ਹੋਰ ਕਿਹੜੇ ਸਾਧਨ ਹਨ ?

(vii) ਬਸੰਤ ਰੁੱਤ ਵਿੱਚ ਕਾਂਗੜੇ ਦੀ ਵਾਦੀ ਵਿੱਚ ਸਿੰਬਲ ਦਾ ਰੁੱਖ ਕਿਹੋ ਜਿਹਾ ਪ੍ਰਤੀਤ ਹੁੰਦਾ ਹੈ ?

(viii) ਪਰੰਪਰਾ ਦੀ ਸੋਚ ਦਾ ਵਧੇਰੇ ਖਜ਼ਾਨਾ ਕਿੱਥੇ ਸੰਭਾਲਿਆ ਪਿਆ ਹੈ ?

$1\times5=5$

3. ਵਾਤਾਵਰਨ ਵਿੱਚ ਫੈਲ ਰਹੇ ਪ੍ਰਦੂਸ਼ਣ ਬਾਰੇ ਕਿਸੇ ਅਖਬਾਰ ਦੇ ਸੰਪਾਦਕ ਨੂੰ ਇੱਕ ਪੱਤਰ ਲਿਖੋ।

ਜਾਂ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਆਯੋਜਿਤ ਹੋਣ ਵਾਲੇ ਕਿਸੇ ਕਿਸਾਨ ਮੇਲੇ ਵਿੱਚ ਆਪਣਾ ਸਟਾਲ ਲਗਾਉਣ ਲਈ ਮੇਲਾ ਪ੍ਰਬੰਧਕਾਂ ਨੂੰ ਇੱਕ ਪੱਤਰ ਲਿਖੋ। **8**

4. ਪੰਜਾਬੀ ਭਾਸ਼ਾ ਦੇ ਜਨਮ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਓ।

ਜਾਂ

ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਬਾਰੇ ਵਿਚਾਰ ਚਰਚਾ ਕਰੋ। 7

5. (ੳ) ਪੰਜਾਬੀ ਸ਼ਬਦਾਂ ਦਾ ਕਿਹੜੇ-ਕਿਹੜੇ ਆਧਾਰ 'ਤੇ ਵਰਗੀਕਰਨ ਕੀਤਾ ਜਾ ਸਕਦਾ ਹੈ ?

**ਜਾਂ**

ਵਧੇਤਰ ਕਿਸਨੂੰ ਕਹਿੰਦੇ ਹਨ, ਇਸਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ। 6

(ਅ) ਹੇਠ ਲਿਖਿਆਂ ਵਿੱਚੋਂ **ਦੋ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :

(i) 'ਲਾ' ਅਤੇ 'ਕੁ' ਅਗੇਤਰ ਵਾਲੇ ਦੋ-ਦੋ ਸ਼ਬਦ ਬਣਾਓ।

(ii) ਕੋਈ ਦੋ ਸਮਾਸੀ ਸ਼ਬਦ ਬਣਾਓ।

(iii) ਕੋਈ ਦੋ ਵਿਰੋਧੀ ਸ਼ਬਦ ਬਣਾਓ।

(iv) ਹੇਠ ਲਿਖੇ ਵਾਕ ਵਿੱਚੋਂ ਸੰਬੰਧਕ ਚੁਣੋ :

ਉਸਨੇ ਡਿਪਟੀ ਕਮਿਸ਼ਨਰ ਤੋਂ ਇਕ ਫੌਜੀ ਟਰੱਕ ਦਾ ਪਰਮਿਟ ਲਿਆ। 2+2=4